Washington Apple Health

# ਤੁਹਾਡੀ Apple Health ਯੋਗਤਾ ਬਾਰੇ ਤਸਦੀਕ ਕੀਤੀ ਜਾ ਰਹੀ ਹੈ

ਆਪਣੀ Apple Health (Medicaid) ਕਵਰੇਜ ਲਈ ਅਪਲਾਈ ਕਰਨ ਜਾਂ ਨਵਿਆਉਣ ਤੋਂ ਬਾਅਦ, ਤੁਹਾਨੂੰ ਆਪਣੀ ਯੋਗਤਾ ਦੀ ਤਸਦੀਕ ਕਰਨ ਵਾਸਤੇ ਵਧੀਕ ਜਾਣਕਾਰੀ ਦੀ ਬੇਨਤੀ ਕਰਨ ਵਾਲਾ ਇੱਕ ਪੱਤਰ ਪ੍ਰਾਪਤ ਹੋ ਸਕਦਾ ਹੈ। ਇਸਨੂੰ ਯੋਗਤਾ ਤੋਂ ਬਾਅਦ ਸਮੀਖਿਆ (Post Eligibility Review (PER)) ਵਜੋਂ ਜਾਣਿਆ ਜਾਂਦਾ ਹੈ।

## ਯੋਗਤਾ ਤੋਂ ਬਾਅਦ ਸਮੀਖਿਆ ਕੀ ਹੈ

ਯੋਗਤਾ ਤੋਂ ਬਾਅਦ ਸਮੀਖਿਆਵਾਂ (PER), Apple Health ਕਵਰੇਜ ਵਾਸਤੇ ਤੁਹਾਡੀ ਯੋਗਤਾ ਦੀ ਪੁਸ਼ਟੀ ਕਰਨ ਵਿੱਚ ਸਿਹਤ ਸੰਭਾਲ ਅਥਾੱਰਿਟੀ (HCA) ਦੀ ਮਦਦ ਕਰਦੀਆਂ ਹਨ। ਬਾਲਗਾਂ, ਬੱਚਿਆਂ, ਗਰਭਵਤੀ ਵਿਅਕਤੀਆਂ, ਅਤੇ ਮਾਤਾ-ਪਿਤਾ/ਦੇਖਭਾਲਕਰਤਾਵਾਂ ਲਈ Apple Health ਲਈ PER ਖਾਸ ਹੁੰਦੀਆਂ ਹਨ, ਜਿਨ੍ਹਾਂ ਨੂੰ ਸਾਡੇ ਸੋਧੇ ਗਏ ਵਿਵਸਥਿਤ ਕੁੱਲ ਆਮਦਮ (MAGI) ਪ੍ਰੋਗਰਾਮਾਂ ਵਜੋਂ ਜਾਣਿਆ ਜਾਂਦਾ ਹੈ। ਇਹ ਪ੍ਰੋਗਰਾਮ Washington Healthplanfinder ਦੇ ਰਾਹੀਂ ਲਾਗੂ ਕੀਤੇ ਜਾਂਦੇ ਹਨ।

Apple Health ਲਈ ਯੋਗਤਾ ਦਾ ਨਿਰਧਾਰਣ ਤੁਹਾਡੇ ਦੁਆਰਾ ਆਪਣੀ Washington Healthplanfinder ਐਪਲੀਕੇਸ਼ਨ ਵਿੱਚ ਦਰਜ ਕੀਤੀ ਜਾਣਕਾਰੀ ਦੀ ਵਰਤੋਂ ਕਰਕੇ ਕੀਤਾ ਜਾਂਦਾ ਹੈ। PER ਦੇ ਰਾਹੀਂ ਇੱਕ ਤਸਦੀਕ ਦੀ ਲੋੜ ਹੋ ਸਕਦੀ ਹੈ ਜਦੋਂ ਐਪਲੀਕੇਸ਼ਨ ਵਿੱਚ ਦਿੱਤੀ ਗਈ ਜਾਣਕਾਰੀ ਸਟੇਟ ਜਾਂ ਫੈਡਰਲ ਦੇ ਆਮਦਨ ਡੇਟਾਬੇਸ ਦੇ ਅਨੁਕੂਲ ਨਹੀਂ ਹੁੰਦੀ ਹੈ। ਤੁਹਾਡੀ ਆਮਦਨ, ਨਾਗਰਿਕਤਾ, ਜਾਂ ਕਨੂੰਨੀ ਮੌਜੂਦਗੀ ਦੇ ਆਧਾਰ 'ਤੇ ਯੋਗਤਾ ਦੀ ਪੁਸ਼ਟੀ ਕਰਨ ਲਈ ਸਿਹਤ ਸੰਭਾਲ ਅਥਾੱਰਿਟੀ (HCA) ਦੇ ਸਟਾਫ ਦੁਆਰਾ PER ਨੂੰ ਪੂਰਾ ਕੀਤਾ ਜਾਂਦਾ ਹੈ।

> **ਉਦਾਹਰਣ:** ਤੁਸੀਂ ਰਿਪੋਰਟ ਕੀਤੀ ਹੈ ਕਿ ਕਿਸੀ ਨੌਕਰੀ ਤੋਂ ਤੁਹਾਡੀ ਆਮਦਨ $1,000 ਪ੍ਰਤੀ ਮਹੀਨਾ ਹੈ, ਪਰ ਰੋਜ਼ਗਾਰ ਸੁਰੱਖਿਆ ਬਾਰੇ ਵਿਭਾਗ (ESD) ਦਰਸਾਉਂਦਾ ਹੈ ਕਿ ਤੁਹਾਡੀ ਆਮਦਨ $1,850 ਪ੍ਰਤੀ ਮਹੀਨਾ ਹੈ। ਇਹ HCA ਨੂੰ ਸੂਚਿਤ ਕਰੇਗਾ ਕਿ ਤੁਹਾਨੂੰ ਇੱਕ ਪੱਤਰ ਭੇਜਾ ਜਾਵੇ ਜਿਸ ਵਿੱਚ ਤੁਹਾਡੀ ਆਮਦਨ ਦੀ ਤਸਦੀਕ ਕਰਨ ਲਈ ਬੇਨਤੀ ਹੋਵੇ।

ਕਈ ਵਾਰੀ ਸਟਾਫ ਤੁਹਾਡੀ ਯੋਗਤਾ ਦੀ ਪੁਸ਼ਟੀ ਕਰਨ ਅਤੇ ਤੁਹਾਡੀ ਮੌਜੂਦਾ ਆਮਦਨ ਜਾਂ ਸਥਿਤੀ ਨੂੰ ਦਰਸਾਉਣ ਵਾਲੀ ਤੁਹਾਡੀ ਐਪਲੀਕੇਸ਼ਨ ਨੂੰ ਅੱਪਡੇਟ ਕਰਨ ਲਈ ਸਟੇਟ ਅਤੇ ਫੈਡਰਲ ਡੇਟਾਬੇਸ ਵਿੱਚੋਂ ਜਾਣਕਾਰੀ ਦੀ ਵਰਤੋਂ ਕਰ ਸਕਦੇ ਹਨ। ਜੇਕਰ ਅਸੀਂ ਤੁਹਾਡੀ ਯੋਗਤਾ ਦੀ ਪੁਸ਼ਟੀ ਕਰਨ ਵਿੱਚ ਸਮਰੱਥ ਨਹੀਂ ਹਾਂ ਤਾਂ ਤੁਹਾਨੂੰ ਇੱਕ ਜਾਣਕਾਰੀ ਸਬੰਧੀ ਬੇਨਤੀ ਪੱਤਰ (ਜਾਂ ਤੁਹਾਡੀ ਤਰਜੀਹ ਦੇ ਆਧਾਰ 'ਤੇ ਇੱਕ ਈਮੇਲ) ਪ੍ਰਾਪਤ ਹੋਵੇਗਾ। ਉਸ ਪੱਤਰ ਵਿੱਚ ਮੰਗੀ ਗਈ ਜਾਣਕਾਰੀ ਪ੍ਰਦਾਨ ਕਰਨ ਵਾਸਤੇ ਤੁਹਾਡੇ ਕੋਲ 15 ਦਿਨ ਹੋਣਗੇ। ਜੇਕਰ ਤੁਸੀਂ ਨਿਯਤ ਤਾਰੀਖ਼ ਤੱਕ ਬੇਨਤੀ ਕੀਤੀ ਜਾਣਕਾਰੀ ਪ੍ਰਦਾਨ ਨਹੀਂ ਕਰਦੇ ਤਾਂ ਤੁਹਾਡੀ ਕਵਰੇਜ ਬੰਦ ਹੋ ਸਕਦੀ ਹੈ।

## ਮੈਨੂੰ ਆਮਦਨ ਬਾਰੇ ਤਸਦੀਕ ਪ੍ਰਦਾਨ ਕਰਨ ਲਈ ਕਿਉਂ ਕਿਹਾ ਜਾ ਰਿਹਾ ਹੈ?

ਤੁਹਾਨੂੰ ਹਾਲ ਹੀ ਵਿੱਚ Washington Healthplanfinder ਦੇ ਰਾਹੀਂ Apple Health ਕਵਰੇਜ ਲਈ ਪ੍ਰਵਾਨਗੀ ਦਿੱਤੀ ਗਈ ਸੀ ਜਾਂ ਤੁਹਾਡੇ ਮੌਜੂਦਾ Apple Health ਕਵਰੇਜ ਦਾ ਨਵੀਨੀਕਰਨ ਕੀਤਾ ਗਿਆ ਸੀ ਅਤੇ ਸਟੇਟ ਜਾਂ ਫੈਡਰਲ ਡੇਟਾਬੇਸ ਵਿੱਚ ਦਿੱਤੀ ਗਈ ਜਾਣਕਾਰੀ ਤੁਹਾਡੀ ਐਪਲੀਕੇਸ਼ਨ ਵਿੱਚ ਪ੍ਰਦਾਨ ਕੀਤੀ ਆਮਦਨ ਸਬੰਧੀ ਜਾਣਕਾਰੀ ਨਾਲ ਮੇਲ ਨਹੀਂ ਖਾਂਦੀ ਹੈ।

ਤੁਹਾਨੂੰ ਇਹ ਜਾਣਕਾਰੀ ਪ੍ਰਦਾਨ ਕਰਨ ਲਈ ਕਿਉਂ ਕਿਹਾ ਜਾ ਰਿਹਾ ਹੈ, ਇਸ ਬਾਰੇ ਹੋਰ ਜਾਣਨ ਲਈ ਵਾਸ਼ਿੰਗਟਨ ਪ੍ਰਸ਼ਾਸਨਿਕ ਕੋਡਾਂ (WAC) ਨੂੰ ਦੇਖੋ:

- ਆਮਦਨ (ਭਾਗ 1)
- ਆਮਦਨ (ਭਾਗ 2)
- ਪਰਿਵਾਰ ਦੀ ਬਣਤਰ

## ਕੀ ਮੈਨੂੰ ਤਸਦੀਕ ਬਾਰੇ ਬੇਨਤੀ ਕਰਨ ਵਾਲੇ ਪੱਤਰ ਦਾ ਜਵਾਬ ਦੇਣ ਦੀ ਲੋੜ ਹੈ ਜੇਕਰ ਮੈਂਨੇ ਹੁਣੇ ਹੀ ਆਪਣੀ ਜਾਣਕਾਰੀ ਨੂੰ ਅੱਪਡੇਟ ਕੀਤਾ ਹੈ?

ਹਾਂ। ਜੇਕਰ ਤੁਸੀਂ Apple Health ਕਵਰੇਜ ਲਈ ਅਪਲਾਈ ਕੀਤਾ ਹੈ ਜਾਂ ਉਸ ਦਾ ਨਵੀਨੀਕਰਨ ਕੀਤਾ ਹੈ ਅਤੇ ਤੁਹਾਨੂੰ ਹੋਰ ਜਾਣਕਾਰੀ ਪ੍ਰਦਾਨ ਕਰਨ ਬਾਰੇ ਕੋਈ ਪੱਤਰ ਪ੍ਰਾਪਤ ਹੋਇਆ ਹੈ, ਤਾਂ ਤੁਹਾਨੂੰ ਜਵਾਬ ਦੇਣ ਦੀ ਲੋੜ ਹੈ ਤਾਂ ਜੋ ਅਸੀਂ ਤੁਹਾਡੀ ਯੋਗਤਾ ਦੀ ਤਸਦੀਕ ਕਰ ਸਕੀਏ। ਜੇਕਰ ਤੁਸੀਂ ਕੋਈ ਜਵਾਬ ਨਹੀਂ ਦਿੰਦੇ ਹੋ ਤਾਂ ਤੁਹਾਡੀ ਕਵਰੇਜ ਬੰਦ ਹੋ ਸਕਦੀ ਹੈ, ਭਾਵੇਂ ਤੁਹਾਨੂੰ ਪ੍ਰਵਾਨਗੀ ਬਾਰੇ ਪੱਤਰ ਪ੍ਰਾਪਤ ਹੋਇਆ ਹੋਵੇ।

## ਕੀ ਮੈਨੂੰ ਆਪਣੇ ਪਰਿਵਾਰ ਦੇ ਹਰੇਕ ਵਿਅਕਤੀ ਦੀ ਆਮਦਨ ਬਾਰੇ ਤਸਦੀਕ ਭੇਜਣ ਦੀ ਲੋੜ ਹੈ?

ਹਾਂ। ਇਸ ਵਿੱਚ ਸ਼ਾਮਿਲ ਹਨ:

- ਤੁਸੀਂ,
- ਤੁਹਾਡਾ ਜੀਵਨ-ਸਾਥੀ ਜਾਂ ਸਹਿ-ਮਾਤਾ-ਪਿਤਾ ਜੇਕਰ ਤੁਸੀਂ ਇਕੱਠੇ ਰਹਿੰਦੇ ਹੋ ਜਾਂ ਵਿਆਹੁਤਾ ਦੇ ਤੌਰ 'ਤੇ ਇਕੱਠੇ ਟੈਕਸ ਭਰਦੇ ਹੋ, ਅਤੇ
- ਕੋਈ ਵੀ ਟੈਕਸ ਨਿਰਭਰਕਰਤਾ ਜੇਕਰ ਉਸਦੀ ਆਮਦਨ IRS ਟੈਕਸ ਫਾਈਲਿੰਗ ਥ੍ਰੈਸ਼ਹੋਲਡ ਨੂੰ ਪੂਰਾ ਕਰਦੀ ਹੈ।
    - ਟੈਕਸ ਨਿਰਭਰਕਰਤਾ ਆਮਦਨ ਬਾਰੇ ਹੋਰ ਜਾਣਕਾਰੀ ਲਈ ਅੰਦਰੂਨੀ ਰਿਵੈਨਿਊ ਸੇਵਾ ਦਿਸ਼ਾ-ਨਿਰਦੇਸ਼ਾਂ ਦੇਖੋ

## ਮੈਨੂੰ ਕਿਵੇਂ ਪਤਾ ਲੱਗੇਗਾ ਕਿ ਮੇਰੀ ਆਮਦਨ ਦੀ ਤਸਦੀਕ ਕਰਨ ਵਾਸਤੇ ਕਿਹੜੇ ਦਸਤਾਵੇਜ਼ ਜਮ੍ਹਾਂ ਕਰਾਉਣੇ ਹਨ?

ਤੁਹਾਡੀ ਆਮਦਨ ਦੇ ਆਧਾਰ 'ਤੇ ਕਿਸ ਕਿਸਮ ਦੇ ਦਸਤਾਵੇਜ਼ ਜਮ੍ਹਾਂ ਕਰਨੇ ਹਨ, ਇਸ ਬਾਰੇ ਹੋਰ ਜਾਣਨ ਲਈ ਹੇਠਾਂ ਦਿੱਤੀਆਂ ਸਾਰਣੀਆਂ ਨੂੰ ਦੇਖੋ।

| ਆਮਦਨ ਦੀ ਕਿਸਮ | ਤਸਦੀਕ ਦੇ ਸਵੀਕਾਰਯੋਗ ਫਾਰਮ |
|---|---|
| ਪਰਿਵਾਰ ਦੀ ਕੋਈ ਆਮਦਨ ਨਹੀਂ ਹੈ | ਰੋਜ਼ਗਾਰਦਾਤਾ ਤੋਂ ਇੱਕ ਪੱਤਰ, ਜਿਸ ਵਿੱਚ ਰੋਜ਼ਗਾਰਦਾਤਾ ਦਾ ਨਾਂ ਅਤੇ ਕੰਮ ਕਰਨ ਦਾ ਆਖਰੀ ਦਿਨ ਲਿੱਖਾ ਹੋਵੇ<br>ਤੁਹਾਡੀ ਆਮਦਨ ਨਹੀਂ ਹੈ ਅਤੇ ਕੰਮ ਕਰਨ ਦੀ ਆਖਰੀ ਤਾਰੀਖ਼ ਸਬੰਧੀ ਇੱਕ ਲਿਖਤੀ ਜਾਂ ਜ਼ੁਬਾਨੀ ਸਟੇਟਮੈਂਟ |
| ਅਰਜਿਤ ਆਮਦਨ (ਨੌਕਰੀ ਤੋਂ ਆਮਦਨ, ਬਖਸ਼ੀਸ਼ ਅਤੇ ਕਮਿਸ਼ਨ ਸਮੇਤ) | ਪਿਛਲੇ 60 ਦਿਨਾਂ ਦੇ ਸਾਰੇ ਵੇਤਨ ਵੇਰਵਾਂ ਦੀ ਸੰਪੂਰਣ ਕਾਪੀ; ਜਾਂ<br>ਬਖਸੀਸ਼, ਹਫ਼ਤਾਵਾਰ ਕੰਮ ਕੀਤੇ ਘੰਟੇ, ਘੰਟੇ ਦੀ ਮਜ਼ਦੂਰੀ, ਅਤੇ ਤਨਖਾਹ ਦੀ ਬਾਰੰਬਾਰਤਾ ਨੂੰ ਸ਼ਾਮਿਲ ਕਰਨ ਲਈ ਤੁਹਾਡੇ ਰੋਜ਼ਗਾਰਦਾਤਾ ਦੁਆਰਾ ਤਾਰੀਖ਼ ਸਮੇਤ ਦਸਤਖ਼ਤ ਕੀਤਾ ਇੱਕ ਪੱਤਰ |
| ਸਵੈ-ਰੋਜ਼ਗਾਰ ਆਮਦਨ<br>ਕਿਰਾਏ ਤੋਂ ਹੋਣ ਵਾਲੀ ਆਮਦਨ<br>ਖੇਤੀ ਤੋਂ ਆਮਦਨ | ਤੁਹਾਡੀ ਸਭ ਤੋਂ ਨਵੀਨਤਮ ਟੈਕਸ ਰਿਟਰਨ ਦੀ ਇੱਕ ਸੰਪੂਰਣ ਕਾਪੀ ਜਿਸ ਵਿੱਚ ਸਾਰੇ ਸ਼ੈਡਿਯੂਲ ਅਤੇ ਅਟੈਚਮੈਂਟ ਸ਼ਾਮਿਲ ਹਨ ਜੇਕਰ ਇਹ ਪੂਰੇ ਸਾਲ ਲਈ ਤੁਹਾਡੀ ਮੌਜੂਦਾ ਆਮਦਨ ਦੀ ਚੰਗੀ ਪ੍ਰਤੀਨਿਧਤਾ ਕਰਦੀ ਹੈ; ਜਾਂ<br>ਸਭ ਤੋਂ ਨਵੀਨਤਮ 3-ਮਹੀਨੇ ਦੇ ਲਾਭ ਅਤੇ ਘਾਟੇ ਦੀ ਸਟੇਟਮੈਂਟ ਜਿਸ ਵਿੱਚ ਕੁੱਲ ਮਾਸਿਕ ਕਾਰੋਬਾਰੀ ਆਮਦਨ, IRS ਮਨਜ਼ੂਰਸ਼ੁਦਾ ਕਟੌਤੀਆਂ, ਅਤੇ ਸ਼ੁੱਧ ਕਾਰੋਬਾਰੀ ਆਮਦਨ ਸ਼ਾਮਿਲ ਹੁੰਦੀ ਹੈ |
| ਸੋਸ਼ਲ ਸਿਕਿਓਰਿਟੀ ਆਮਦਨ<br>ਬੇਰੋਜ਼ਗਾਰੀ ਲਾਭ<br>ਪੂੰਜੀ ਤੋਂ ਲਾਭ<br>ਲਾਭਅੰਸ਼ ਤੋਂ ਆਮਦਨ<br>IRA/401K ਆਮਦਨ<br>ਸਲਾਨਾ/ਪੈਨਸ਼ਨ ਤੋਂ ਆਮਦਨ<br>ਵਿਆਜ ਤੋਂ ਆਮਦਨ<br>ਟੈਕਸਯੋਗ ਕਬਾਇਲੀ ਆਮਦਨ<br>ਰਾਇਲਟੀ ਤੋਂ ਆਮਦਨ<br>ਗੁਜ਼ਾਰਾ-ਭੱਤਾ/ਪਤੀ/ਪਤਨੀ ਸਹਾਇਤਾ<br>ਟਰੱਸਟ ਤੋਂ ਆਮਦਨ<br>ਵਿਦੇਸ਼ੀ ਆਮਦਨ<br>ਰੇਲਰੋਡ ਰਿਟਾਇਰਮੈਂਟ<br>ਹੋਰ ਟੈਕਸਯੋਗ ਆਮਦਨ | ਤੁਹਾਡੀ ਸਭ ਤੋਂ ਨਵੀਨਤਮ ਟੈਕਸ ਰਿਟਰਨ ਦੀ ਇੱਕ ਸੰਪੂਰਣ ਕਾਪੀ ਜਿਸ ਵਿੱਚ ਸਾਰੇ ਸ਼ੈਡਿਯੂਲ ਅਤੇ ਅਟੈਚਮੈਂਟ ਸ਼ਾਮਿਲ ਹਨ |

## ਮੈਨੂੰ ਕਿਵੇਂ ਪਤਾ ਲੱਗੇਗਾ ਕਿ ਮੇਰੀਆਂ ਕਟੌਤੀਆਂ ਦੀ ਤਸਦੀਕ ਕਰਨ ਵਾਸਤੇ ਕਿਹੜੇ ਦਸਤਾਵੇਜ਼ ਜਮ੍ਹਾਂ ਕਰਾਉਣੇ ਹਨ?

ਤੁਹਾਡੀਆਂ ਕਟੌਤੀਆਂ ਦੇ ਆਧਾਰ 'ਤੇ ਕਿਸ ਕਿਸਮ ਦੇ ਦਸਤਾਵੇਜ਼ ਜਮ੍ਹਾਂ ਕਰਨੇ ਹਨ, ਇਸ ਬਾਰੇ ਹੋਰ ਜਾਣਨ ਲਈ ਹੇਠਾਂ ਦਿੱਤੀਆਂ ਸਾਰਣੀਆਂ ਨੂੰ ਦੇਖੋ।

| IRS ਮਨਜ਼ੂਰਸ਼ੁਦਾ ਕਟੌਤੀਆਂ (IRS ਟੈਕਸ ਨਿਯਮਾਂ ਦੇ ਆਧਾਰ 'ਤੇ ਬਦਲਾਅ ਅਤੇ ਸੀਮਾਵਾਂ ਦੇ ਅਧੀਨ ਹਨ) | ਤਸਦੀਕ ਦੇ ਸਵੀਕਾਰਯੋਗ ਫਾਰਮ |
|---|---|
| ਸਵੈ-ਰੋਜ਼ਗਾਰ ਟੈਕਸ<br>ਸਵੈ-ਰੋਜ਼ਗਾਰ ਰਿਟਾਇਰਮੈਂਟ ਯੋਜਨਾ<br>ਸਵੈ-ਰੋਜ਼ਗਾਰ ਸਿਹਤ ਬੀਮਾ<br>ਟੈਕਸ ਤੋਂ ਪਹਿਲਾਂ ਰਿਟਾਇਰਮੈਂਟ ਖਾਤੇ ਦੇ ਯੋਗਦਾਨ<br>ਸਿਹਤ ਬਚਤ ਖਾਤੇ (HSA) ਦੇ ਯੋਗਦਾਨ<br>ਕੁਝ ਦਾਅਵਾਯੋਗ ਕਾਰੋਬਾਰੀ ਖ਼ਰਚੇ<br>ਗੁਜ਼ਾਰਾ-ਭੱਤਾ/ਪਤੀ/ਪਤਨੀ ਸਹਾਇਤਾ, 01/01/2019 ਤੋਂ ਪਹਿਲਾਂ ਅਦਾਲਤ ਦਾ ਆਦੇਸ਼<br>ਬਚਤਾਂ ਪਹਿਲਾਂ ਕਢਾਉਣ 'ਤੇ ਜੁਰਮਾਨਾ<br>ਹਥਿਆਰਬੰਦ ਬਲਾਂ ਦੇ ਮੈਂਬਰਾਂ ਲਈ ਥਾਂ-ਬਦਲਣ ਸਬੰਧੀ ਖ਼ਰਚੇ<br>ਪੜ੍ਹਾਉਣ ਵਾਲੇ ਦੇ ਖ਼ਰਚੇ<br>ਵਿਦਿਆਰਥੀ ਕਰਜ਼ੇ 'ਤੇ ਵਿਆਜ<br>ਵਿਦਿਆਰਥੀ ਦੀ ਟਿਊਸ਼ਨ | ਤੁਹਾਡੀ ਸਭ ਤੋਂ ਨਵੀਨਤਮ ਟੈਕਸ ਰਿਟਰਨ ਦੀ ਇੱਕ ਸੰਪੂਰਣ ਕਾਪੀ ਜਿਸ ਵਿੱਚ ਸਾਰੇ ਸ਼ੈਡਿਯੂਲ ਅਤੇ ਅਟੈਚਮੈਂਟ ਸ਼ਾਮਿਲ ਹਨ ਜੇਕਰ ਇਹ ਤੁਹਾਡੀਆਂ ਸਲਾਨਾ ਕਟੌਤੀਆਂ ਦੀ ਚੰਗੀ ਪ੍ਰਤੀਨਿਧਤਾ ਕਰਦੀ ਹੈ; ਜਾਂ<br>IRS ਫਾਰਮ (1098T, 1098E); ਜਾਂ<br>ਕਟੌਤੀ ਦੇ ਸਰੋਤ ਦੀ ਮਹੀਨਾਵਾਰ ਜਾਂ ਤਿਮਾਹੀ ਸਟੇਟਮੈਂਟ; ਜਾਂ<br>ਸਰੋਤ ਦੀ ਰਸੀਦਾਂ |

## ਮੈਂ ਆਪਣੇ ਦਸਤਾਵੇਜ਼ ਕਿਵੇਂ ਜਮ੍ਹਾਂ ਕਰਾਂ?

- **ਔਨਲਾਈਨ:** Washington Healthplanfinder
    - ਆਪਣੇ ਖਾਤੇ ਵਿੱਚ ਸਾਈਨ ਇਨ ਕਰੋ ਅਤੇ ਡਾਕਯੂਮੈਂਟ ਸੈਂਟਰ ਵਿੱਚ ਦਸਤਾਵੇਜ਼ ਅੱਪਲੋਡ ਕਰੋ
- **ਮੋਬਾਈਲ ਐਪ:** WAPlanfinder ਐਪ 'ਤੇ (iOS ਅਤੇ Android ਲਈ ਉਪਲਬਧ)
- ਸਾਈਨ ਇਨ ਕਰੋ ਅਤੇ ਆਪਣੇ ਦਸਤਾਵੇਜ਼ ਦੀ ਫੋਟੋ ਜਮ੍ਹਾਂ ਕਰਨ ਲਈ 'ਡਾਕਯੂਮੈਂਟ ਸੈਂਟਰ' ਨੂੰ ਚੁਣੋ
- **ਈਮੇਲ:** HCA Apple Health ਇਮੇਜਿੰਗ ਯੂਨਿਟ
- **ਫ਼ੈਕਸ:** 1-855-867-4467
- **ਡਾਕ:** Health Care Authority<br>P.O. Box 45531<br>Olympia, WA 98504-5531

## ਕੀ ਹੁੰਦਾ ਹੈ ਜੇਕਰ ਮੈਂ ਬੇਨਤੀ ਕੀਤੇ ਜਾਣ 'ਤੇ ਆਮਦਨ ਦੀ ਤਸਦੀਕ ਪ੍ਰਦਾਨ ਨਹੀਂ ਕਰਦਾ ਹਾਂ?

ਜੇਕਰ ਨਿਯਤ ਤਾਰੀਖ਼ ਤੱਕ ਜਾਣਕਾਰੀ ਪ੍ਰਦਾਨ ਨਹੀਂ ਕੀਤੀ ਜਾਂਦੀ ਹੈ, ਤਾਂ HCA ਦੇ ਸਟਾਫ ਸਟੇਟ ਅਤੇ ਫੈਡਰਲ ਪ੍ਰਣਾਲੀਆਂ ਵਿੱਚ ਦਿੱਤੀ ਜਾਣਕਾਰੀ ਦੇ ਆਧਾਰ 'ਤੇ Apple Health ਲਈ ਯੋਗਤਾ ਨਿਰਧਾਰਤ ਕਰਨ ਦੀ ਕੋਸ਼ਿਸ਼ ਕਰਣਗੇ। ਜੇਕਰ ਤੁਹਾਡੀ ਯੋਗਤਾ ਨਿਰਧਾਰਤ ਕਰਨ ਵਿੱਚ ਅਸਮਰੱਥ ਹਨ, ਤਾਂ HCA, Apple Health ਕਵਰੇਜ ਨੂੰ ਖਤਮ ਕਰ ਸਕਦਾ ਹੈ ਜਾਂ ਕਵਰੇਜ ਨੂੰ ਕਿਸੇ ਵੱਖਰੇ ਪ੍ਰੋਗਰਾਮ ਵਿੱਚ ਬਦਲ ਸਕਦਾ ਹੈ (ਇੱਕ ਪ੍ਰੀਮੀਅਮ-ਆਧਾਰਿਤ ਪ੍ਰੋਗਰਾਮ ਸਮੇਤ)।

## ਮੇਰੇ ਕੋਲ ਜਾਣਕਾਰੀ ਪ੍ਰਦਾਨ ਕਰਨ ਲਈ ਕਿੰਨਾ ਕੁ ਸਮਾਂ ਹੈ?

ਤੁਹਾਡੇ ਕੋਲ ਉਸ ਤਾਰੀਖ਼ ਤੋਂ 15 ਦਿਨ ਹਨ ਜਦੋਂ ਅਸੀਂ ਤੁਹਾਨੂੰ ਜਵਾਬ ਦੇਣ ਲਈ ਜਾਣਕਾਰੀ ਦੀ ਬੇਨਤੀ ਕਰਦੇ ਹੋਏ ਤੁਹਾਨੂੰ ਪੱਤਰ ਭੇਜਦੇ ਹਾਂ। ਨਿਯਤ ਤਾਰੀਖ਼ ਤੁਹਾਡੇ ਪੱਤਰ ਵਿੱਚ ਵੀ ਮੌਜੂਦ ਹੈ। ਜੇਕਰ ਤੁਹਾਨੂੰ ਬੇਨਤੀ ਕੀਤੀ ਜਾਣਕਾਰੀ ਪ੍ਰਦਾਨ ਕਰਨ ਲਈ ਵਾਧੂ ਸਮੇਂ ਦੀ ਲੋੜ ਹੈ, ਤਾਂ ਤੁਸੀਂ HCA Ask MAGI ਨੂੰ ਈਮੇਲ ਕਰਕੇ ਜਾਂ 1-800-562-3022 'ਤੇ ਕਾਲ ਕਰਕੇ ਇਸਦੀ ਬੇਨਤੀ ਕਰ ਸਕਦੇ ਹੋ।

## ਜਾਣਕਾਰੀ ਦੀ ਬੇਨਤੀ ਕਰਨ ਵਾਲੇ ਟੈਕਸਟ ਸੁਨੇਹੇ

### ਯੋਗਤਾ ਜਾਰੀ ਰੱਖਣ ਸੰਬੰਧੀ ਸਮੀਖਿਆਵਾਂ (Post Eligibility Reviews)

Apple Health (Medicaid) ਗਾਹਕਾਂ ਨੂੰ ਹੇਠਾਂ ਦਿੱਤੇ ਟੈਕਸਟ ਸੁਨੇਹੇ ਪ੍ਰਾਪਤ ਹੋਏ ਹੋ ਸਕਦੇ ਹਨ ਜੇਕਰ ਉਹਨਾਂ ਨੂੰ ਆਪਣੀ ਆਮਦਨ ਦੀ ਪੁਸ਼ਟੀ ਕਰਨ ਲਈ ਵਾਧੂ ਦਸਤਾਵੇਜ਼ ਜਮ੍ਹਾਂ ਕਰਨ ਦੀ ਲੋੜ ਹੈ।

ਸਾਡੇ ਰਿਕਾਰਡ ਦਿਖਾਉਂਦੇ ਹਨ ਕਿ ਤੁਸੀਂ ਜਾਂ ਤੁਹਾਡੇ ਅਧਿਕਾਰਤ ਪ੍ਰਤੀਨਿਧ (AREP) ਨੇ ਸਾਨੂੰ ਤੁਹਾਡਾ ਫ਼ੋਨ ਨੰਬਰ ਦਿੱਤਾ ਸੀ। ਸਾਨੂੰ ਲੋੜ ਹੈ ਕਿ ਤੁਸੀਂ ਜਾਂ ਤੁਹਾਡਾ AREP ਤੁਹਾਡੀ ਆਮਦਨ ਦੀ ਪੁਸ਼ਟੀ ਜਮ੍ਹਾਂ ਕਰਵਾਓ। ਜੇਕਰ ਤੁਹਾਨੂੰ ਇਹ ਫ਼ੋਨ ਨੰਬਰ ਹਾਲ ਹੀ ਵਿੱਚ ਮਿਲਿਆ ਹੈ ਅਤੇ ਤੁਸੀਂ Apple Health ਦੇ ਗਾਹਕ ਨਹੀਂ ਹੋ, ਤਾਂ ਤੁਸੀਂ ਅੱਗੇ ਤੋਂ ਟੈਕਸਟ ਪ੍ਰਾਪਤ ਨਾ ਕਰਨ ਲਈ "STOP" ਲਿਖ ਕੇ ਜਵਾਬ ਦੇ ਸਕਦੇ ਹੋ।

**ਸੁਨੇਹਾ #1**
"Apple Health (Medicaid): ਸੁਨੇਹਿਆਂ ਦੀ ਬਾਰੰਬਾਰਤਾ ਵੱਖ-ਵੱਖ ਹੋ ਸਕਦੀ ਹੈ। ਮੈਸੇਜ ਅਤੇ ਡਾਟਾ ਦਰਾਂ ਲਾਗੂ ਹੋ ਸਕਦੀਆਂ ਹਨ। ਔਪਟ-ਆਉਟ ਕਰਨ (ਸੇਵਾ ਬੰਦ ਕਰਨ) ਲਈ STOP ਲਿਖ ਕੇ ਜਵਾਬ ਦਿਓ। ਮਦਦ ਲਈ ਜਾਂ ਨਿਯਮ ਅਤੇ ਸ਼ਰਤਾਂ ਦੇਖਣ ਲਈ, hca.wa.gov/income-docs 'ਤੇ ਜਾਓ"

**ਸੁਨੇਹਾ #2**
ਯਾਦ-ਦਹਾਨੀ: ਕਵਰੇਜ ਰੱਖਣ ਲਈ ਹੁਣੇ ਕਾਰਵਾਈ ਕਰੋ। ਜੇਕਰ ਤੁਸੀਂ ਪਹਿਲਾਂ ਨਹੀਂ ਕੀਤੀ ਹੈ, ਤਾਂ ਚਿੱਠੀ ਦੇਖਣ ਅਤੇ ਦਸਤਾਵੇਜ਼ ਅਪਲੋਡ ਕਰਨ ਲਈ wahealthplanfinder.org 'ਤੇ ਲੌਗ ਇਨ ਕਰੋ।

### ਕੀ ਕਵਰੇਜ ਪਹਿਲਾਂ ਹੀ ਬੰਦ ਹੋ ਗਈ ਹੈ?

ਤੁਹਾਨੂੰ ਹੇਠਾਂ ਦਿੱਤੇ ਟੈਕਸਟ ਸੁਨੇਹੇ ਪ੍ਰਾਪਤ ਹੋ ਸਕਦੇ ਹਨ ਜੇਕਰ ਜਵਾਬ ਨਾ ਦੇਣ ਕਾਰਨ ਤੁਹਾਡੀ ਕਵਰੇਜ ਪਹਿਲਾਂ ਹੀ ਬੰਦ ਕਰ ਦਿੱਤੀ ਗਈ ਸੀ ਅਤੇ ਅਸੀਂ ਤੁਹਾਡੀ ਅਰਜ਼ੀ ਪੂਰੀ ਨਹੀਂ ਕਰ ਸਕਦੇ। ਇਸ ਤੋਂ ਪਹਿਲਾਂ ਕਿ ਅਸੀਂ ਤੁਹਾਡੀ ਯੋਗਤਾ ਦੀ ਪੁਸ਼ਟੀ ਕਰ ਸਕੀਏ, ਸਾਨੂੰ ਹੋਰ ਜਾਣਕਾਰੀ ਦੀ ਲੋੜ ਹੈ।

**ਸੁਨੇਹਾ #1**
"Apple Health (Medicaid): ਸੁਨੇਹਿਆਂ ਦੀ ਬਾਰੰਬਾਰਤਾ ਵੱਖ-ਵੱਖ ਹੋ ਸਕਦੀ ਹੈ। ਮੈਸੇਜ ਅਤੇ ਡਾਟਾ ਦਰਾਂ ਲਾਗੂ ਹੋ ਸਕਦੀਆਂ ਹਨ। ਔਪਟ-ਆਉਟ ਕਰਨ (ਸੇਵਾ ਬੰਦ ਕਰਨ) ਲਈ STOP ਲਿਖ ਕੇ ਜਵਾਬ ਦਿਓ। ਮਦਦ ਲਈ ਜਾਂ ਨਿਯਮ ਅਤੇ ਸ਼ਰਤਾਂ ਦੇਖਣ ਲਈ, hca.wa.gov/income-docs 'ਤੇ ਜਾਓ"

**ਸੁਨੇਹਾ #2**
ਯਾਦ-ਦਹਾਨੀ: ਕਵਰੇਜ ਦੁਬਾਰਾ ਖੋਲ੍ਹਣ ਲਈ ਹੁਣੇ ਕਾਰਵਾਈ ਕਰੋ। ਜੇਕਰ ਤੁਸੀਂ ਪਹਿਲਾਂ ਨਹੀਂ ਕੀਤੀ ਹੈ, ਤਾਂ ਚਿੱਠੀ ਦੇਖਣ ਅਤੇ ਦਸਤਾਵੇਜ਼ ਅਪਲੋਡ ਕਰਨ ਲਈ wahealthplanfinder.org 'ਤੇ ਲੌਗ ਇਨ ਕਰੋ।

## ਅਕਸਰ ਪੁੱਛੇ ਜਾਣ ਵਾਲੇ ਸਵਾਲ

### ਟੈਕਸਟ ਸੁਨੇਹਾ ਕਿਹੜੇ ਨੰਬਰ ਤੋਂ ਆ ਰਿਹਾ ਹੈ?

HCA ਵੱਲੋਂ 833-772-9017 ਤੋਂ ਟੈਕਸਟ ਸੁਨੇਹੇ ਭੇਜੇ ਜਾ ਰਹੇ ਹਨ।

### ਜੇਕਰ ਮੇਰੇ ਕੋਲ Apple Health ਕਵਰੇਜ ਨਹੀਂ ਹੈ ਤਾਂ ਕੀ ਹੋਵੇਗਾ?

ਜੇਕਰ ਤੁਹਾਡੇ ਕੋਲ Apple Health ਨਹੀਂ ਹੈ, ਤਾਂ ਸੰਭਾਵਨਾ ਹੈ ਕਿ ਸਾਡੇ ਕੋਲ ਕਿਸੇ ਅਜਿਹੇ ਵਿਅਕਤੀ ਦਾ ਪੁਰਾਣਾ ਜਾਂ ਗਲਤ ਫ਼ੋਨ ਨੰਬਰ ਹੈ ਜਿਸਦੇ ਕੋਲ ਕਵਰੇਜ ਹੈ। ਤੁਹਾਨੂੰ ਕੋਈ ਕਾਰਵਾਈ ਕਰਨ ਦੀ ਲੋੜ ਨਹੀਂ ਹੈ ਅਤੇ ਤੁਸੀਂ ਅੱਗੇ ਤੋਂ ਟੈਕਸਟ ਪ੍ਰਾਪਤ ਨਾ ਕਰਨ ਲਈ "STOP" ਲਿਖ ਕੇ ਜਵਾਬ ਦੇ ਸਕਦੇ ਹੋ।

ਤੁਹਾਡੇ ਕੋਲ Apple Health ਹੈ ਜੇਕਰ ਤੁਹਾਡੇ ਕੋਲ ਇੱਕ ਐਕਟਿਵ ProviderOne ਸੇਵਾਵਾਂ ਕਾਰਡ ਹੈ ਜਾਂ ਤੁਹਾਨੂੰ ਕਿਸੇ ਪ੍ਰਬੰਧਿਤ ਦੇਖਭਾਲ ਯੋਜਨਾ (managed care plan) ਲਈ ਨਿਰਧਾਰਤ ਕੀਤਾ ਗਿਆ ਹੈ। ਪ੍ਰਬੰਧਿਤ ਦੇਖਭਾਲ ਯੋਜਨਾਵਾਂ ਇਹ ਹਨ:

- Community Health Plan of Washington
- Coordinated Care
- Molina Healthcare of Washington
- UnitedHealthcare Community Plan of Washington
- Wellpoint Washington (ਪਹਿਲਾਂ Amerigroup)

### ਮੈਨੂੰ ਕਿੰਨੀ ਵਾਰ ਟੈਕਸਟ ਮਿਲੇਗਾ?

ਤੁਹਾਨੂੰ ਉਦੋਂ ਟੈਕਸਟ ਸੁਨੇਹਾ ਮਿਲੇਗਾ ਜਦੋਂ ਤੁਹਾਨੂੰ ਕੋਈ ਆਮਦਨ ਦਸਤਾਵੇਜ਼ ਜਮ੍ਹਾਂ ਕਰਨ ਦੀ ਲੋੜ ਹੋਵੇਗੀ। ਤੁਹਾਨੂੰ ਉਦੋਂ ਵੀ ਟੈਕਸਟ ਸੁਨੇਹਾ ਮਿਲ ਸਕਦਾ ਹੈ ਜਦੋਂ ਤੁਹਾਡੇ ਨਵਿਆਉਣ (renewal) ਜਾਂ ਯੋਗਤਾ ਸਮੀਖਿਆ ਨੂੰ ਪੂਰਾ ਕਰਨ ਦਾ ਸਮਾਂ ਹੋਵੇਗਾ। ਜੇਕਰ ਤੁਸੀਂ ਆਪਣੇ ਪ੍ਰਬੰਧਿਤ ਦੇਖਭਾਲ ਯੋਜਨਾਵਾਂ ਤੋਂ ਟੈਕਸਟ ਸੁਨੇਹੇ ਪ੍ਰਾਪਤ ਕਰਨ ਦੀ ਚੋਣ ਕੀਤੀ ਹੈ, ਤਾਂ ਉਹ ਵੀ ਤੁਹਾਨੂੰ ਟੈਕਸਟ ਸੁਨੇਹਾ ਭੇਜ ਸਕਦੇ ਹਨ।

### ਜੇਕਰ ਮੈਂ ਹੋਰ ਟੈਕਸਟ ਨਹੀਂ ਚਾਹੁੰਦਾ ਤਾਂ ਕੀ ਕਰਾਂ?

ਅੱਗੇ ਤੋਂ ਟੈਕਸਟ ਸੁਨੇਹੇ ਪ੍ਰਾਪਤ ਨਾ ਕਰਨ ਲਈ ਸੁਨੇਹੇ ਦਾ ਜਵਾਬ "STOP" ਲਿਖ ਕੇ ਦਿਓ।

### ਮੈਨੂੰ ਇੱਕ ਟੈਕਸਟ ਸੁਨੇਹਾ ਮਿਲਿਆ ਹੈ ਜਿਸ ਵਿੱਚ ਕਿਹਾ ਗਿਆ ਹੈ ਕਿ ਮੈਨੂੰ ਕਵਰੇਜ ਰੱਖਣ ਲਈ ਫ਼ੋਨ 'ਤੇ ਭੁਗਤਾਨ ਕਰਨਾ ਪਵੇਗਾ। ਕੀ ਇਹ ਸੱਚ ਹੈ?

HCA, DSHS, ਅਤੇ Washington Healthplanfinder ਕਦੇ ਵੀ Apple Health ਕਵਰੇਜ ਵਿੱਚ ਦਾਖਲਾ ਲੈਣ ਜਾਂ ਦੁਬਾਰਾ ਦਾਖਲਾ ਲੈਣ ਲਈ ਪੈਸੇ ਨਹੀਂ ਮੰਗਣਗੇ। ਘੁਟਾਲੇਬਾਜ਼ (scammers) ਗਾਹਕਾਂ ਨੂੰ ਟੈਕਸਟ ਅਤੇ ਕਾਲ ਕਰ ਰਹੇ ਹਨ ਅਤੇ ਦਾਅਵਾ ਕਰ ਰਹੇ ਹਨ ਕਿ ਉਹਨਾਂ ਨੂੰ ਆਪਣੀ Medicaid ਕਵਰੇਜ ਨੂੰ ਰੀਨਿਊ ਕਰਨ ਲਈ ਭੁਗਤਾਨ ਕਰਨਾ ਪਵੇਗਾ। HCA, DSHS, ਜਾਂ Apple Health ਵੱਲੋਂ ਹੋਣ ਦਾ ਦਾਅਵਾ ਕਰਨ ਵਾਲੇ ਕਿਸੇ ਵੀ ਵਿਅਕਤੀ ਨਾਲ ਬੈਂਕਿੰਗ ਜਾਂ ਕ੍ਰੈਡਿਟ ਕਾਰਡ ਦੀ ਜਾਣਕਾਰੀ ਸਾਂਝੀ ਨਾ ਕਰੋ।

ਜੇਕਰ ਤੁਹਾਨੂੰ ਕੋਈ ਫ਼ੋਨ ਕਾਲ ਜਾਂ ਟੈਕਸਟ ਸੁਨੇਹਾ ਆਉਂਦਾ ਹੈ ਜੋ ਤੁਹਾਨੂੰ ਲੱਗਦਾ ਹੈ ਕਿ ਇੱਕ ਘੁਟਾਲਾ ਹੈ, ਤਾਂ ਫ਼ੋਨ ਕੱਟ ਦਿਓ ਅਤੇ ਜਵਾਬ ਨਾ ਦਿਓ। ਤੁਸੀਂ ਸੰਭਾਵੀ ਧੋਖਾਧੜੀ ਦੀਆਂ ਸ਼ਿਕਾਇਤਾਂ HCA ਨੂੰ ਇਸ ਦੁਆਰਾ ਰਿਪੋਰਟ ਕਰ ਸਕਦੇ ਹੋ:

- **ਈਮੇਲ:** WAH Eligibility Fraud
- **ਵੌਇਸਮੇਲ:** 360-725-0934
- **ਫੈਕਸ:** 360-725-1158, Attn: WA Apple Health Fraud

### ਮੈਂ ਸਵਾਲਾਂ ਲਈ ਕਿਸ ਨਾਲ ਸੰਪਰਕ ਕਰਾਂ?

Apple Health (Medicaid): Apple Health ਗਾਹਕ ਸੇਵਾ ਨੂੰ 1-800-562-3022 'ਤੇ ਕਾਲ ਕਰੋ ਜਾਂ **Ask MAGI** ਈਮੇਲ ਕਰੋ।

# ਨਿਯਮ ਅਤੇ ਸ਼ਰਤਾਂ

## ਉਪਭੋਗਤਾ ਦੀ ਪਰਦੇਦਾਰੀ (User privacy)

ਚੁਣੇ ਗਏ ਕਲਾਇੰਟ ਤੋਂ ਅਪਡੇਟਾਂ ਦੇਣ ਤੋਂ ਇਲਾਵਾ ਕਿਸੇ ਹੋਰ ਉਦੇਸ਼ ਲਈ ਤੁਹਾਡੇ ਮੋਬਾਈਲ ਨੰਬਰ ਨੂੰ ਸਾਂਝਾ ਨਹੀਂ ਕਰੇਗੀ ਅਤੇ ਨਾ ਹੀ ਵਰਤੇਗੀ।

## ਉਪਭੋਗਤਾ ਫੀਸਾਂ (User fees)

Washington State Health Care Authority ਪ੍ਰਾਪਤਕਰਤਾਵਾਂ ਤੋਂ ਟੈਕਸਟ ਸੁਨੇਹੇ ਪ੍ਰਾਪਤ ਕਰਨ ਲਈ ਕੋਈ ਚਾਰਜ ਨਹੀਂ ਲੈਂਦੀ। ਹਾਲਾਂਕਿ, ਮੈਸੇਜ ਅਤੇ ਡਾਟਾ ਦਰਾਂ ਲਾਗੂ ਹੋ ਸਕਦੀਆਂ ਹਨ।

## ਬਾਰੰਬਾਰਤਾ (Frequency)

ਸੁਨੇਹਿਆਂ ਦੀ ਬਾਰੰਬਾਰਤਾ ਵੱਖ-ਵੱਖ ਹੋ ਸਕਦੀ ਹੈ।

## ਔਪਟ-ਆਉਟ (Opt-out)

ਔਪਟ-ਆਉਟ ਕਰਨ (ਸੁਨੇਹੇ ਪ੍ਰਾਪਤ ਕਰਨਾ ਬੰਦ ਕਰਨ) ਲਈ, ਆਪਣੇ ਮੋਬਾਈਲ ਡਿਵਾਈਸ ਤੋਂ STOP ਲਿਖ ਕੇ ਜਵਾਬ ਦਿਓ। ਅਸੀਂ ਟੈਕਸਟ ਦੁਆਰਾ ਤੁਹਾਡੇ ਔਪਟ-ਆਉਟ ਦੀ ਪੁਸ਼ਟੀ ਕਰਾਂਗੇ ਅਤੇ ਤੁਹਾਨੂੰ Washington State Health Care Authority ਤੋਂ ਕੋਈ ਵਾਧੂ ਸੁਨੇਹੇ ਪ੍ਰਾਪਤ ਨਹੀਂ ਹੋਣਗੇ ਜਦੋਂ ਤੱਕ ਤੁਸੀਂ ਦੁਬਾਰਾ ਔਪਟ-ਇਨ (ਚੋਣ) ਨਹੀਂ ਕਰਦੇ।

## ਵਾਰੰਟੀ (Warranty)

Washington State Health Care Authority ਇਸ ਪ੍ਰੋਗਰਾਮ ਨਾਲ ਜੁੜੇ ਕਿਸੇ ਵੀ SMS ਸੁਨੇਹਿਆਂ ਦੀ ਪ੍ਰਾਪਤੀ ਵਿੱਚ ਕਿਸੇ ਵੀ ਦੇਰੀ ਲਈ ਜਵਾਬਦੇਹ ਨਹੀਂ ਹੈ। SMS ਸੁਨੇਹਿਆਂ ਦੀ ਡਿਲੀਵਰੀ ਤੁਹਾਡੇ ਵਾਇਰਲੈੱਸ ਸੇਵਾ ਪ੍ਰਦਾਤਾ/ਨੈੱਟਵਰਕ ਆਪਰੇਟਰ ਤੋਂ ਪ੍ਰਭਾਵਸ਼ਾਲੀ ਟ੍ਰਾਂਸਮਿਸ਼ਨ ਦੇ ਅਧੀਨ ਹੈ। ਕੈਰੀਅਰ ਦੇਰੀ ਨਾਲ ਮਿਲਣ ਵਾਲੇ ਜਾਂ ਡਿਲੀਵਰ ਨਾ ਹੋਏ ਸੁਨੇਹਿਆਂ ਲਈ ਜਵਾਬਦੇਹ ਨਹੀਂ ਹਨ।

## ਸੇਵਾ ਦੀ ਵਰਤੋਂ ਦੇ ਵੇਰਵੇ (Use case descriptions)

Washington State Health Care Authority, Washington State Health Care Authority ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਸਰਕਾਰੀ ਸੇਵਾਵਾਂ ਬਾਰੇ ਜਾਣਕਾਰੀ ਅਤੇ ਚੇਤਾਵਨੀਆਂ ਨਾਲ ਸੰਬੰਧਿਤ SMS ਸੁਨੇਹੇ ਭੇਜੇਗੀ।

## ਸਵਾਲ?

ਜੇਕਰ ਤੁਹਾਡੇ ਕੋਈ ਸਵਾਲ ਜਾਂ ਸਮੱਸਿਆਵਾਂ ਹਨ ਜਾਂ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ Granicus ਸਹਾਇਤਾ ਨਾਲ ਸੰਪਰਕ ਕਰੋ।

# ਪਰਦੇਦਾਰੀ ਨੀਤੀ (Privacy Policy)

Washington State Health Care Authority ਤੁਹਾਡੀ ਪਰਦੇਦਾਰੀ ਦਾ ਸਤਿਕਾਰ ਕਰਦੀ ਹੈ। ਅਸੀਂ ਤੁਹਾਡੇ ਦੁਆਰਾ ਪ੍ਰਦਾਨ ਕੀਤੀ ਜਾਣਕਾਰੀ ਦੀ ਵਰਤੋਂ ਸਿਰਫ਼ ਤੁਹਾਡਾ ਟੈਕਸਟ ਸੁਨੇਹਾ ਭੇਜਣ ਲਈ ਕਰਾਂਗੇ। ਫਿਰ ਵੀ, ਅਸੀਂ ਕਿਸੇ ਵੀ ਕਾਨੂੰਨ, ਨਿਯਮ, ਜਾਂ ਸਰਕਾਰੀ ਬੇਨਤੀ ਨੂੰ ਪੂਰਾ ਕਰਨ ਲਈ, ਜਵਾਬਦੇਹੀ ਤੋਂ ਬਚਣ ਲਈ, ਜਾਂ ਸਾਡੇ ਅਧਿਕਾਰਾਂ ਜਾਂ ਸੰਪਤੀ ਦੀ ਰੱਖਿਆ ਕਰਨ ਲਈ ਲੋੜ ਅਨੁਸਾਰ ਕਿਸੇ ਵੀ ਜਾਣਕਾਰੀ ਦਾ ਖੁਲਾਸਾ ਕਰਨ ਦਾ ਅਧਿਕਾਰ ਹਮੇਸ਼ਾਂ ਰਾਖਵਾਂ ਰੱਖਦੇ ਹਾਂ।

ਜਦੋਂ ਤੁਸੀਂ ਔਨਲਾਈਨ ਫਾਰਮ ਭਰਦੇ ਹੋ ਜਾਂ ਵਾਇਰਲੈੱਸ ਸੁਨੇਹਾ ਸੇਵਾ ਦੇ ਸੰਬੰਧ ਵਿੱਚ ਕਿਸੇ ਸੰਸਥਾ ਨੂੰ ਜਾਣਕਾਰੀ ਪ੍ਰਦਾਨ ਕਰਦੇ ਹੋ, ਤਾਂ ਤੁਸੀਂ ਸਹੀ, ਸੰਪੂਰਨ ਅਤੇ ਸੱਚੀ ਜਾਣਕਾਰੀ ਪ੍ਰਦਾਨ ਕਰਨ ਲਈ ਸਹਿਮਤ ਹੁੰਦੇ ਹੋ। ਤੁਸੀਂ ਕਿਸੇ ਝੂਠੇ ਜਾਂ ਗੁੰਮਰਾਹਕੁੰਨ ਨਾਮ ਜਾਂ ਅਜਿਹੇ ਨਾਮ ਦੀ ਵਰਤੋਂ ਨਾ ਕਰਨ ਲਈ ਸਹਿਮਤ ਹੁੰਦੇ ਹੋ ਜਿਸਦੀ ਵਰਤੋਂ ਕਰਨ ਲਈ ਤੁਸੀਂ ਅਧਿਕਾਰਤ ਨਹੀਂ ਹੋ। ਜੇਕਰ ਅਸੀਂ, ਸਿਰਫ਼ ਆਪਣੇ ਵਿਵੇਕ ਅਨੁਸਾਰ, ਇਹ ਮੰਨਦੇ ਹਾਂ ਕਿ ਕੋਈ ਵੀ ਅਜਿਹੀ ਜਾਣਕਾਰੀ ਅਸੱਤ, ਗਲਤ, ਜਾਂ ਅਧੂਰੀ ਹੈ, ਤਾਂ ਅਸੀਂ ਤੁਹਾਨੂੰ ਸੇਵਾ ਤੱਕ ਪਹੁੰਚ ਕਰਨ ਤੋਂ ਇਨਕਾਰ ਕਰ ਸਕਦੇ ਹਾਂ ਅਤੇ ਕਿਸੇ ਵੀ ਉਚਿਤ ਕਾਨੂੰਨੀ ਉਪਚਾਰ (legal remedies) ਦੀ ਪੈਰਵੀ ਕਰ ਸਕਦੇ ਹਾਂ।